Email:-ddlgp.barnala@yahoo.com ਟੈਲੀਫੋਨ ਨੰਬਰ:-01679-230048

# Municipal Council Barnala (Barnala)

# ਦਫਤਰ ਨਗਰ ਕੌਂਸਲ ਬਰਨਾਲਾ (ਬਰਨਾਲਾ)

ਨੰਬਰ:-736/ਸਟੈ ਮਿਤੀ:-08/09/2023

ਸੇਵਾ ਵਿਖੇ,

ਸੰਯੁਕਤ ਡਿਪਟੀ ਡਾਇਰੈਕਟਰ,
ਇੰਚਾਰਜ ਪਬਲਿਕ ਰਿਲੇਸਨ ਯੂਨਿਟ (ਪੀ.ਆਰ.ਯੂ),
ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ

ਵਿਸ਼ਾਂ- ਆਸਾਮੀਆਂ ਦੀ ਭਰਤੀ (ਕੰਟਰੈਕਟ ਆਧਾਰ ਤੇ) ਸਬੰਧੀ ਇਸ਼ਤਿਹਾਰ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਕੌਂਸਲ, ਬਰਨਾਲਾ ਵੱਲੋਂ ਪ੍ਰਕਾਸ਼ਿਤ ਕਰਵਾਇਆ ਜਾਣ ਵਾਲਾ ਇਸ਼ਤਿਹਾਰ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਿਆ ਜਾਂਦਾ ਹੈ। ਕ੍ਰਿਪਾ ਕਰਕੇ ਇਸ ਇਸ਼ਤਿਹਾਰ ਨੂੰ ਵੈਬ ਸਾਈਟ :http://lgpunjab.gov.in ਤੇ ਜਲਦੀ ਤੋਂ ਜਲਦੀ ਅਪਲੋਡ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਨੱਥੀ/ਇਸ਼ਤਿਹਾਰ

E-Mail ID : ddlgp.barnala@yahoo.com
Name : Vishaldeep
Designation : Executive Officer Mobile No: 9888044888

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਬਰਨਾਲਾ।

# ਨਗਰ ਕੌਂਸਲ ਬਰਨਾਲਾ ਵੱਲੋਂ ਸਫਾਈ ਸੇਵਕ ਦੀ ਅਸਾਮੀ ਠੇਕੇ ਤੇ ਭਰਤੀ ਸਬੰਧੀ

ਨੰਬਰ 738/ਸ੍ਰਤ3' ਮਿਤੀ 08/09/23

ਮਹੱਤਵਪੂਰਨ ਮਿਤੀਆਂ

| | |
|---|---|
| ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ: | 10/09/2023 |
| ਆਪਲਾਈ ਕਰਨ ਦੀ ਸ਼ੁਰੂਆਤੀ ਮਿਤੀ: | 12/09/2023 |
| ਅਪਲਾਈ ਕਰਨ ਦੀ ਆਖਰੀ ਮਿਤੀ: | 30/09/2023 (ਸ਼ਾਮ 5:00 ਵਜੇ ਤੱਕ) |

ਨਗਰ ਕੌਂਸਲ ਬਰਨਾਲਾ ਵੱਲੋਂ 400 ਸਫਾਈ ਸੇਵਕਾਂ ਦੀ ਅਸਾਮੀਆਂ ਤੇ ਕਿਰਤ ਵਿਭਾਗ/ਪੰਜਾਬ ਵੱਲੋਂ ਨਿਰਧਾਰਿਤ ਘੱਟੋ ਘੱਟ ਉਜਰਤਾਂ/ਡੀ.ਸੀ. ਰੇਟ ਤੇ ਠੇਕੇ ਤੇ ਭਰਤੀ ਲਈ ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ:-

1. **ਸਫਾਈ ਸੇਵਕ ਦੀਆਂ ਅਸਾਮੀਆਂ ਦਾ ਵਰਗੀਕਰਨ :-**

| Sr. No. | Category | Count of Category |
|---|---|---|
| 1. | BC | 24 |
| 2. | BC (ESM) | 8 |
| 3. | BC (L) | 16 |
| 4. | ESM (General) | 12 |
| 5. | ESM (General) (L) | 16 |
| 6. | Freedom Fighter | 4 |
| 7. | General | 112 |
| 8. | General (EWS) | 28 |
| 9. | General (EWS) (L) | 12 |
| 10. | General (L) | 44 |
| 11. | Physical Handicapped (Hearing Impairment) | 4 |
| 12. | Physical Handicapped (Intellectual Disability of Multiple Disability) | 4 |
| 13. | Physical Handicapped (Orhto) | 4 |
| 14. | Physical Handicapped (VH) | 4 |
| 15. | S.C. (Sports) | 4 |
| 16. | S.C. (ESM) | 16 |
| 17. | S.C. (L) | 32 |
| 18. | S.C. (Other) | 48 |
| 19. | Sportsman (General) (L) | 4 |
| 20. | Sportsman | 4 |
| | **Total** | **400** |

(ੳ) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ ਵਰਗੀਕਰਨ ਵਿਭਾਗ ਵੱਲੋਂ ਪ੍ਰਾਪਤ ਮੰਗ ਪੱਤਰ ਦੇ ਅਧਾਰ ਤੇ ਦਰਸਾਇਆ ਗਿਆ ਹੈ। ਜੇਕਰ ਸਬੰਧਤ ਵਿਭਾਗ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ਼ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜ਼ਾਂ ਅਸਾਮੀਆਂ ਦੀ ਮੰਗ ਮੁਕੰਮਲ ਰੂਪ ਵਿੱਚ ਵਾਪਿਸ ਲੈਣ ਦਾ ਫੈਸਲਾ ਲੈਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਨਗਰ ਕੌਂਸਲ ਦੁਆਰਾ ਇਸ ਸਬੰਧੀ ਭਰਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ ਜਾਂ ਇਸ਼ਤਿਹਾਰ ਨੂੰ ਮੂਲ ਰੂਪ ਵਿੱਚ ਵਾਪਿਸ ਲਿਆ ਜਾ ਸਕਦਾ ਹੈ। ਅਜਿਹੀ ਹਰ ਤਰਾਂ ਦੀ ਕਾਰਵਾਈ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

(ਅ) ਨਗਰ ਕੌਂਸਲ, ਬਰਨਾਲਾ ਦੁਆਰਾ ਅਸਾਮੀਆਂ ਦੀ ਗਿਣਤੀ ਵਧਾਉਣ/ਘਟਾਉਣ ਸਬੰਧੀ, ਇਸ ਭਰਤੀ ਵਿਚ ਸੋਧ ਕੀਤੀ ਜਾ ਸਕਦੀ ਹੈ। ਅਜੇਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਣਗੀਆਂ।

(ੲ) ਸਾਬਕਾ ਫੌਜ਼ੀ ਕੈਟਾਗਰੀ ਦੀਆਂ ਅਸਾਮੀਆਂ ਸਾਬਕਾ ਫੌਜੀ ਸੈਲਫ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ। ਸਾਬਕਾ ਫੌਜੀ ਸੈਲਫ ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀਆਂ ਸਾਬਕਾ ਫੌਜੀ (ਆਸ਼ਰਿਤ) ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

(ਸ) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08/05/2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਵੇਗੀ।

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

"Provided further that when an ex-serviceman is not available for recruitment against a reserved vacancy and further no wife or dependent child of an Ex-serviceman is available for recruitment against a reserved vacancy, such shall be reserved to be filled in by recruitment of the grand child of a Gallantry Award Winner, in case the benefit of reservation has not been availed of by any of the children or dependents of such winner or by the winner himself subject to the conditions specified in the second provision."

(ਹ) ਕਾਉਂਸਲਿੰਗ ਵਿੱਚ ਆਏ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

(ਕ) ਇਹ ਭਰਤੀ ਇੱਕ ਸਾਲ ਦੇ ਕੰਟਰੈਕਟ ਸਮੇਂ ਲਈ ਕੀਤੀ ਜਾਵੇਗੀ।

(ਖ) ਇਸ ਇਸ਼ਤਿਹਾਰ/ਭਰਤੀ ਸਬੰਧੀ ਨਗਰ ਕੌਂਸਲ ਵੱਲੋਂ ਭਵਿੱਖ ਵਿੱਚ ਜਾਰੀ ਕੀਤੀ ਗਈ ਕੋਈ ਵੀ ਸੋਧ/ਨੋਟਿਸ/ਕੋਰੀਜੰਡਮ ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਉਮੀਦਵਾਰ ਇਸ ਦੀ ਪਾਲਣਾ ਕਰਨ ਯਕੀਨੀ ਬਣਾਉਣਗੇ।

2. **ਵਿਦਿਅਕ ਯੋਗਤਾ ਅਤੇ ਤਜਰਬਾ (ਚੋਣ ਵਿਧੀ) –**

ਉਕਤ ਅਸਾਮੀਆਂ ਲਈ ਸਫਲਤਾ ਪੂਰਵਕ ਬਿਨੈਕਾਰਾਂ ਵਾਲੇ ਉਮੀਦਵਾਰਾਂ ਦੀ ਚੋਣ ਉਹਨਾਂ ਦੀ ਵਿਦਿਅਕ ਯੋਗਤਾ (ਪੜ੍ਹਨਾ ਲਿਖਣਾ ਜਾਣਦਾ ਹੋਵੇ, ਲਿਟਰੇਟ, ਮਿਡਲ ਪਾਸ ਅਤ ਉਸ ਪਾਸ ਸਬੰਧਤ ਅਸਾਮੀਂ ਤੇ ਕੰਮ ਕਰਨ ਤੇ ਤਜਰਬੇ ਦੇ ਅਧਾਰ ਤੇ ਕੀਤੀ ਜਾਵੇਗੀ) ਨਿਰਧਾਰਿਤ ਕੀਤੇ ਵਿਦਿਅਕ ਯੋਗਤਾ ਅਤੇ ਤਜਰਬੇ ਦੇ ਅੰਕ ਹੇਠ ਲਿਖੇ ਅਨੁਸਾਰ ਹਨ:-

(I) ਉਮੀਦਵਾਰ ਦੇ ਤਜਰਬੇ ਸਬੰਧੀ 1 ਸਾਲ ਦਾ 1 ਅੰਕ ਦਿੱਤਾ ਜਾਵੇਗਾ। ਜੇਕਰ ਕਿਸੇ ਉਮੀਦਵਾਰ ਕੋਲ ਸਾਲ ਦੇ ਨਾਲ ਕੁੱਝ ਮਹੀਨਿਆ ਦਾ ਤਜਰਬਾ ਹੈ ਤਾਂ ਉਸਨੂੰ ਸਾਲ ਦੇ ਹਿਸਾਬ ਨਾਲ ਹੀ ਅੰਕ ਦਿੱਤੇ ਜਾਣ, ਭਾਵ ਜੇਕਰ ਕਿਸੇ ਕੋਲ 1 ਸਾਲ 3 ਮਹੀਨੇ ਜਾਂ 6 ਮਹੀਨੇ ਦਾ ਤਜਰਬਾ ਹੈ ਤਾਂ 1 ਸਾਲ ਦਾ 1 ਅੰਕ ਹੀ ਦਿੱਤਾ ਜਾਵੇਗਾ ਅਤੇ ਅਗਲੇ ਅਧੂਰੇ ਸਾਲ ਦੇ ਅੰਕ ਨਹੀ ਦਿੱਤੇ ਜਾਣਗੇ। ਤਜਰਵੇ ਦੇ ਵੱਧ ਤੋ ਵੱਧ 5 ਅੰਕ ਦਿੱਤੇ ਜਾਣਗੇ। ਭਾਵ 5 ਸਾਲ ਤੋ ਵੱਧ ਤਜਰਬੇ ਦੇ ਵੀ 5 ਅੰਕ ਹੀ ਦਿੱਤੇ ਜਾਣਗੇ (ਤਜਰਬੇ ਵਜੋਂ ਸਿਰਫ ਬਤੌਰ ਸਫਾਈ ਸੇਵਕ ਦੇ ਤਜਰਬੇ ਨੂੰ ਹੀ ਯੋਗ ਮੰਨਿਆ ਜਾਵੇਗਾ।

(II) ਅੱਠਵੀਂ ਦੀ ਪੜ੍ਹਾਈ ਦਾ 1 ਅੰਕ ਦਿੱਤਾ ਜਾਵੇਗਾ, ਵਾਧੂ ਉਚੇਰੀ ਸਿੱਖਿਆ ਦਾ ਕੋਈ ਅੰਕ ਨਹੀਂ ਦਿੱਤਾ ਜਾਵੇਗਾ।

(III) ਨਗਰ ਕੌਂਸਲ ਬਰਨਾਲਾ ਵਿਖੇ ਆਊਟਸੋਰਸ ਅਧੀਨ ਪਹਿਲਾਂ ਕੰਮ ਕਰ ਰਹੇ ਸਫਾਈ ਕਰਮਚਾਰੀਆਂ ਨੂੰ 5 ਅੰਕ ਵਾਧੂ ਦਿੱਤੇ ਜਾਣਗੇ।

(IV) ਮੈਰਿਟ ਵਿੱਚ ਇੱਕ ਤੋਂ ਵੱਧ ਉਮੀਦਵਾਰ ਵੱਲੋਂ ਬਰਾਬਰ ਅੰਕ ਹਾਸਲ ਕਰਨ ਵਾਲੇ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇ ਅਤੇ ਵੱਧ ਉਮਰ ਵਾਲੇ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

3. **ਉਮਰ ਸੀਮਾਂ:-**

ਉਪਰੋਕਤ ਅਸਾਮੀਆਂ ਲਈ ਨਵੇ ਸਿਰੇ ਤੋਂ ਅਪਲਾਈ ਕਰਨ ਵਾਲੇ ਉਮੀਦਵਾਰਾਂ ਲਈ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01-07-2023 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:

(I) ਜਨਮ ਮਿਤੀ ਦੇ ਸਬੂਤ ਵਜੋਂ ਉਮੀਦਵਾਰ ਆਪਣਾ ਜਨਮ ਸਰਟੀਫਿਕੇਟ ਅਤੇ ਵਿਦਿਅਕ ਯੋਗਤਾ ਦਾ ਸਰਟੀਫੀਕੇਟ ਜਿਸ ਵਿੱਚ ਜਨਮ ਮਿਤੀ ਦਰਸਾਈ ਹੋਵੇ - ਪਾਸਪੋਰਟ, ਡਰਾਈਵਿੰਗ ਲਾਈਸੰਸ, ਜਾਂ ਪੰਜਾਬ ਸਰਕਾਰ/ਭਾਰਤ ਸਰਕਾਰ ਵੱਲੋਂ ਜਾਰੀ ਕੋਈ ਹੋਰ ਦਸਤਾਵੇਜ ਜਿਸ ਵਿੱਚ ਜਨਮ ਦਰਸਾਈ ਹੋਵੇ, ਕੋਈ ਦੋ ਦਸਤਾਵੇਜ ਕਾਉਂਸਲਿੰਗ ਸਮੇਂ ਪੇਸ਼ ਕਰੇਗਾ ਅਤੇ ਫਾਰਮ ਨਾਲ ਤਸਦੀਕ ਸੁਦਾ ਫੋਟੋ ਕਾਪੀ ਨੱਥੀ ਕਰੇਗਾ ਅਤੇ ਫੌਜਦਾਰੀ ਕੇਸ ਨਾ ਚੱਲਣ ਦਾ ਸਵੈ ਘੋਸ਼ਣਾ ਪੱਤਰ ਅਟੈਸਟਡ ਕਰਵਾ ਕੇ ਨਾਲ ਨੱਥੀ ਕਰੇਗਾ।

(II) ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਈ ਚਾਹੀਦੀ।

(III) ਨਗਰ ਕੌਂਸਲ ਬਰਨਾਲਾ ਕੋਲ ਆਊਟਸੋਰਸ ਤੇ ਕੰਮ ਕਰ ਰਹੇ ਕਰਮਚਾਰੀਆ ਲਈ ਕੋਈ ਉਮਰ ਹੱਦ ਨਹੀ ਹੋਵੇਗੀ।

(IV) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਸੀਮਾ 42 ਸਾਲ ਹੋਵੇਗੀ।

(V) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(VI) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮ੍ਹਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(VII) ਪੰਜਾਬ ਦੇ ਵਸਨੀਕ ਅੰਗਹੀਣਾਂ ਲਈ ਉਪਰਲੀ ਉਮਰ ਸੀਮਾ ਵਿੱਚ 10 ਸਾਲ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(VIII) ਪੰਜਾਬ ਸਰਕਾਰ ਵਲੋਂ ਪੱਤਰ ਨੰ: 1/50/83-5PP(1368)/3454 ਮਿਤੀ 23.04.1984 ਰਾਹੀਂ ਜਾਰੀ ਹਦਾਇਤਾ ਅਨੁਸਾਰ ਵਿਧਵਾ, ਤਲਾਕਸ਼ੁਦਾ ਅਤੇ ਕੁਝ ਹੋਰ ਕੈਟਾਗਰੀ ਦੀਆਂ ਸ਼ਾਦੀ-ਸ਼ੁਦਾ ਔਰਤਾਂ ਲਈ ਉਪਰਲੀ ਉਮਰ ਦੀ ਸੀਮਾ 40 ਸਾਲ ਹੋਵੇਗੀ।

(IX) ਉਪਰਲੀ ਉਮਰ ਸੀਮਾ ਵਿਚ ਛੋਟ ਇੱਕ ਕੈਟਾਗਰੀ ਅਧੀਨ ਹੀ ਦਿੱਤੀ ਜਾਵੇਗੀ ਭਾਵ ਜੇਕਰ ਕੋਈ ਉਮੀਦਵਾਰ ਐਸ.ਸੀ ਜਾਤ ਨਾਲ ਸਬੰਧ ਰੱਖਣ ਤੋਂ ਇਲਾਵਾ ਵਿਧਵਾ ਔਰਤ ਵੀ ਹੈ ਤਾਂ ਉਹ ਇਹਨਾਂ ਦੋਨਾਂ ਕੈਟਾਗਰੀਆ ਵਿਚੋਂ ਇੱਕ ਕੈਟਾਗਰੀ ਜਿਸ ਵਿਚ ਉਹ ਚਾਹਵਾਨ ਹੋਵੇ ਉਸ ਅਧੀਨ ਉਪਰਲੀ ਸੀਮਾ ਵਿਚ ਛੋਟ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।

4. **Reservation / ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ:-**

(I) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ।

(II) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਜਾਰੀ ਹੋਇਆ ਸਰਟੀਫਿਕੇਟ (Domicile Certificate) ਅਪਲੋਡ/ਪੇਸ਼ ਕਰੇਗਾ। ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।

(III) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ ਦਾ ਸਰਟੀਫਿਕੇਟ/EWS ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

5. **ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:-**

ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ:

(I) ਬਿਨੈ-ਪੱਤਰ/ਫਾਰਮ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨ।

(II) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(III) ਸ਼ਰਤਾਂ ਅਨੁਸਾਰ ਅਪਲਾਈ ਕਰਨ ਦੀ ਪ੍ਰਕੀਰਿਆ ਦੀ ਥਾਂ ਕਿਸੇ ਹੋਰ ਪ੍ਰਕੀਰਿਆ ਰਾਹੀਂ ਬਿਨੈ ਕਰਨਾ।

(VI) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।

6. **ਅਪਲਾਈ ਕਰਨ ਦੀ ਵਿਧੀ**

ਉਮੀਦਵਾਰ ਹੇਠ ਲਿਖੇ ਅਨੁਸਾਰ ਅਪਲਾਈ ਕਰੇਗਾ:-

1. ਵੈਬ ਸਾਈਟ https://lgpunjab.gov.in/ ਐਪਲੀਕੇਸ਼ਨ ਫਾਰਮ (ਅਨੁਲੱਗ – "ੳ" ਅਤੇ ਅਨੁਲੱਗ – "ਅ:) ਡਾਊਨਲੋਡ ਕਰਕੇ ਭਰਕੇ ਨਗਰ ਕੌਂਸਲ ਬਰਨਾਲਾ ਵਿਖੇ ਡਾਕ ਰਾਹੀਂ ਭੇਜਣਗੇ ਜਾਂ ਦਸਤੀ ਤੌਰ ਤੇ ਭਰ ਕੇ ਦਫਤਰ ਵਿਖੇ ਰਸੀਟ ਕਰਵਾਉਣਗੇ।
2. ਜੇਕਰ ਉਮੀਦਵਾਰ ਵੱਲੋਂ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਬਾਅਦ ਦਫਤਰ ਵਿਖੇ ਡਾਕ ਪ੍ਰਾਪਤ ਹੁੰਦੀ ਹੈ ਤਾਂ ਉਹ ਅਰਜੀ ਵਿਚਾਰਨਯੋਗ ਨਹੀਂ ਹੋਵੇਗੀ।

| | | |
|---|---|---|
| ਵਧੀਕ ਡਿਪਟੀ ਕਮਿਸ਼ਨਰ (ਜ), ਬਰਨਾਲਾ<br>-ਕਮ-ਚੇਅਰਮੈਨ, ਸਿਲੈਕਸ਼ਨ ਕਮੇਟੀ,<br>ਨਗਰ ਕੌਂਸਲ ਬਰਨਾਲਾ। | Gurmeet singh<br>ਪ੍ਰਧਾਨ,<br>ਨਗਰ ਕੌਂਸਲ ਬਰਨਾਲਾ। | ਕਾਰਜ ਸਾਧਕ ਅਫਸਰ,<br>ਨਗਰ ਕੌਂਸਲ ਬਰਨਾਲਾ। |

| Affix Latest Self Attested Passport Size photo |
|---|

## ਅਨੁਲੱਗ – "ੳ"

ਨਗਰ ਕੌਂਸਲ/ਨਗਰ ਨਿਗਮ/ਨਗਰ ਪੰਚਾਇਤ.......................................

ਕੰਟਰੈਕਟਰ ਬੇਸ ਤੇ ਸਫਾਈ ਸੇਵਕ ਦੀ ਅਸਾਮੀਂ ਲਈ ਬਿਨੈ ਪੱਤਰ

ਅਸਾਮੀਂ ਦਾ ਨਾਮ:-

| | | | | | | |
|---|---|---|---|---|---|---|
| 1. | ਉਮੀਦਵਾਰ ਦਾ ਨਾਮ | | | | | |
| 2. | ਪਿਤਾ/ਪਤੀ ਦਾ ਨਾਮ | | | | | |
| 3. | ਜਨਮ ਮਿਤੀ (2 ਸਬੂਤ ਨਾਲ ਨੱਥੀ) | | | | | |
| 4. | ਉਮਰ (01/07/2023 ਤੱਕ) | | | | | |
| 5. | ਜਨਮ ਦਾ ਸਥਾਨ (ਜਿਲ੍ਹਾ ਅਤੇ ਰਾਜ) | | | | | |
| 6. | ਘਰ ਦਾ ਪੱਕਾ ਪਤਾ | | | | | |
| 7. | ਪੱਤਰ ਵਿਹਾਰ ਲਈ ਪਤਾ | | | | | |
| 8. | ਟੈਲੀਫ਼ਨ ਨੰਬਰ/ਮੋਬਾਇਲ ਨੰਬਰ | | | | | |
| 9. | ਅਪਲਾਈ ਕਰਨ ਵਾਲੀ ਕੈਟਾਗਿਰੀ | | | | | |
| 10. | ਉਮੀਦਵਾਰ ਦੀ ਕੈਟਾਗਿਰੀ | | | | | |
| 11. | ਕੌਮੀਅਤ (Nationality) | | | | | |
| 12. | ਵਿਦਿਅਕ ਯੋਗਤਾ | | | | | |
| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ (%) |
| | | | | | | |
| | | | | | | |

13. ਕੀ ਪੰਜਾਬੀ ਪੜ-ਲਿਖ ਸਕਦਾ ਹੈ? ਹਾਂ ਜਾ ਨਹੀਂ ( )

ੳ) ਤਜ਼ਰਬਾ (ਕਦੋਂ ਤੇ ਕਦੋਂ ਤੱਕ) ਸੰਸਥਾਂ ਦਾ ਨਾਮ –

ਅ) ਈ.ਪੀ.ਐਫ. ਨੰਬਰ (ਜੇਕਰ ਹੈ ਤਾਂ)

### ਸਵੈ ਘੋਸ਼ਣਾ

ਮੈਂ ................................................. ਪੁੱਤਰ/ਪੁੱਤਰੀ ਸ਼੍ਰੀ ...................................... ਉਮਰ ...................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ਼ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਰਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ।

ਮਿਤੀ :

ਸਥਾਨ :

ਨੱਥੀ ਦਸਤਾਵੇਜ਼ : 1.

2.

ਉਮੀਦਵਾਰ ਦੇ ਹਸਤਾਖਰ

ਅਨੁਲੱਗ – "ੳ"

## ਹਲਫੀਆ ਬਿਆਨ

| Affix Latest Self Attested Passport Size photo |
|---|

ਮੈਂ ________________________ ਪੁੱਤਰ/ ਪੁੱਤਰੀ / ਪਤਨੀ ਸ੍ਰੀ/ਸ੍ਰੀਮਤੀ ____________________ ਵਾਸੀ ________________________ ਬਰਨਾਲਾ ਜਿਲ੍ਹਾ ਬਰਨਾਲਾ ਦਾ ਰਹਿਣ ਵਾਲਾ/ਵਾਲੀ ਹਾਂ। ਮੈਂ ਹਲਫ ਨਾਲ ਹੇਠ ਲਿਖੇ ਅਨੁਸਾਰ ਬਿਆਨ ਕਰਦਾ/ਕਰਦੀ ਹਾਂ:-

1. ਇਹ ਕਿ ਮੈਂ ____________________ ਪੁੱਤਰ/ਪੁੱਤਰੀ/ਪਤਨੀ ਸ੍ਰੀ/ਸ੍ਰੀਮਤੀ ____________________ ਵਾਸੀ ____________________ ਬਰਨਾਲਾ ਜਿਲ੍ਹਾ ਬਰਨਾਲਾ (ਪੰਜਾਬ) ਹੈ। ਮੈਂ ਉਕਤ ਪਤੇ ਦਾ ਪੱਕਾ ਵਸਨੀਕ ਹਾਂ।
2. ਇਹ ਕਿ ਮੈਂ ਨਗਰ ਕੌਂਸਲ, ਬਰਨਾਲਾ ਵੱਲੋਂ ਭਰਤੀ ਕੀਤੇ ਜਾ ਰਹੇ ____________________ (ਸਫਾਈ ਸੇਵਕ) ਲਈ ਬਿਨੈ ਪੱਤਰ ਦੇ ਰਿਹਾ/ਰਹੀਂ ਹਾਂ। ਮੈਂ ____________________ ਜਾਤੀ ਨਾਲ ਸਬੰਧ ਰੱਖਦਾ/ਰੱਖਦੀ ਹਾਂ। ਮੇਰਾ ਮੋਬਾਇਲ ਨੰਬਰ ____________________ ਹੈ।
3. ਇਹ ਕਿ ਮੈਂ ਅੰਗਹੀਣ ਹਾਂ। ਮੇਰੀ ਸਰੀਰਿਕ ਅਯੋਗਤਾ________________ ਹੈ।
4. ਇਹ ਕਿ ਮੇਰੀ ਵਿਦਿਅੱਕ ਯੋਗਤਾ ____________________/ਅਨਪੜ੍ਹ ਹਾਂ। ਮੈਂ ਪੰਜਾਬੀ ਪੜ ਲਿਖ ਸਕਦਾ ਹਾਂ/ਨਹੀਂ ਸਕਦਾ ਹਾਂ।
5. ਇਹ ਕਿ ਮੇਰੀ ਜਨਮ ਮਿਤੀ ____________________ ਹੈ/ਮੇਰੀ ਜਮਨ ਮਿਤੀ ਭਾਰਤਵਰਸ਼ ਵਿੱਚ ਕਿਤੇ ਵੀ ਦਰਜ ਨਹੀਂ ਹੈ। ਮੇਰੇ ਮਾਤਾ-ਪਿਤਾ ਦੇ ਦੱਸਣ ਅਨੁਸਾਰ ਮੇਰੀ ਜਨਮ ਮਿਤੀ ____________________ ਹੈ। ਮਿਤੀ 01/07/2023 ਨੂੰ ਮੇਰੀ ਉਮਰ __________ ਸਾਲ __________ ਮਹੀਨੇਂ __________ ਦਿਨ ਬਣਦੀ ਹੈ।
6. ਇਹ ਕਿ ਮੇਰਾ ਤਜਰਬਾ ਮਿਤੀ ____________________ ਤੋਂ .................................... ਤੱਕ ਬਤੌਰ ਸਫਾਈ ਸੇਵਕ ਕੰਮ ਕਰਨ ਦਾ ਹੈ। ਮੇਰਾ ਈ.ਪੀ.ਐਫ. ਨੰਬਰ (ਜੇਕਰ ਹੈ) ____________________ ਹੈ।
7. ਇਹ ਕਿ ਮੇਰਾ ਕੰਮ ਤਸੱਲੀਬਖਸ਼ ਹੈ। ਮੇਰੇ ਖਿਲਾਫ ਕੋਈ ਵੀ ਸ਼ਿਕਾਇਤ ਵਗੈਰਾ ਨਹੀਂ ਹੈ। ਮੈਂ ਸਜਾ ਯਾਫਤਾ ਨਹੀਂ ਹਾਂ। ਮੇਰੇ ਵਿਰੁੱਧ ਭਾਰਤ ਵਰਸ਼ ਵਿੱਚ ਕਿਤੇ ਵੀ ਕੋਈ ਫੌਜਦਾਰੀ ਸ਼ਿਕਾਇਤ/ਮੁੱਕਦਮਾਂ ਦਰਜ ਨਹੀਂ ਹੈ।
8. ਇਹ ਕਿ ਫਿਜੀਕਲ ਫਿੱਟ ਹਾਂ। ਮੈਂ ਨਸ਼ੇ ਦਾ ਆਦੀ ਨਹੀਂ ਹਾਂ।

ਮਿਤੀ: ______________

ਸਥਾਨ: ______________

ਬਿਆਨਕਾਰ

ਮੈਂ ਹਲਫ ਨਾਲ ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ ਉਕਤ ਦਿੱਤਾ ਗਿਆ ਬਿਆਨ ਸਹੀ ਵਾ ਦਰੁਸਤ ਹੈ। ਇਸ ਵਿੱਚ ਕੋਈ ਤੱਥ ਛੁਪਾਇਆ ਨਹੀਂ ਗਿਆ ਅਤੇ ਨਾਂ ਹੀ ਕੋਈ ਗਲਤ ਬਿਆਨ ਕੀਤੀ ਹੈ। ਇਸ ਵਿੱਚ ਜੇਕਰ ਕੋਈ ਗੱਲ ਝੂਠੀ ਸਾਬਤ ਹੁੰਦੀ ਹੈ ਤਾਂ ਮੈਂ ਸਜਾ ਦਾ ਭਾਗੀਦਾਰ ਹੋਵਾਗਾਂ।

ਬਿਆਨਕਾਰ